Australian Government
Department of Home Affairs

# ਪ੍ਰਵਾਸੀ ਕਾਮਿਆਂ ਦਾ ਸ਼ੋਸ਼ਣ ਕਰਨ ਵਾਲੇ ਰੁਜ਼ਗਾਰਦਾਤਾਵਾਂ ਨੂੰ ਇੱਕ ਨਿਰਧਾਰਤਿ ਸਮੇਂ ਲਈ ਅਸਥਾਈ ਵੀਜ਼ਾ ਧਾਰਕਾਂ ਨੂੰ ਨੌਕਰੀ 'ਤੇ ਰੱਖਣ ਬਾਰੇ ਪਾਬੰਦੀ ਦਾ ਸਾਹਮਣਾ ਕਰਨਾ ਪਵੇਗਾ।

'ਰੁਜ਼ਗਾਰਦਾਤਾ ਵੱਲੋਂ ਕਾਨੂੰਨ ਪਾਲਣਾ ਨੂੰ ਮਜ਼ਬੂਤ ਕਰਨ ਦੇ ਕਾਨੂੰਨ' (Strengthening Employer Compliance Act) ਰਾਹੀਂ, ਪ੍ਰਵਾਸੀ ਕਾਮਿਆਂ ਨੂੰ ਸ਼ੋਸ਼ਣ ਤੋਂ ਬਚਾਉਣ ਵਾਲੇ ਨਵੇਂ ਕਾਨੂੰਨ 1 ਜੁਲਾਈ 2024 ਤੋਂ ਲਾਗੂ ਹੋ ਰਹੇ ਹਨ।

ਪਾਬੰਦੀ ਘੋਸ਼ਣਾਵਾਂ ਦਾ ਉਦੇਸ਼ ਜ਼ੋਖਮ ਗ੍ਰਸਤ ਅਸਥਾਈ ਪ੍ਰਵਾਸੀ ਕਾਮਿਆਂ ਨੂੰ ਸ਼ੋਸ਼ਣ ਤੋਂ ਬਚਾਉਣਾ ਅਤੇ ਰੁਜ਼ਗਾਰਦਾਤਾਵਾਂ ਅਤੇ ਤੀਜੀ ਧਿਰ ਦੇ ਪ੍ਰਦਾਤਾਵਾਂ ਵੱਲੋਂ ਕਾਨੂੰਨ ਪਾਲਣਾ ਨੂੰ ਉਤਸ਼ਾਹਿਤ ਕਰਨਾ ਹੈ।

ਇਹ ਐਲਾਨ ਤਦੋਂ ਹੀ ਕੀਤੇ ਜਾ ਸਕਦੇ ਹਨ ਜਦੋਂ ਕਿਸੇ ਵਿਅਕਤੀ ਜਾਂ ਕਾਰੋਬਾਰ ਵੱਲੋਂ ਮਾਈਗ੍ਰੇਸ਼ਨ ਐਕਟ, ਫੇਅਰ ਵਰਕ ਐਕਟ ਦੇ ਉਹ ਹਿੱਸੇ ਜਾਂ ਕ੍ਰਿਮੀਨਲ ਕੋਡ ਦੀਆਂ ਉਨ੍ਹਾਂ ਧਾਰਾਵਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਜੋ ਅਸਥਾਈ ਪ੍ਰਵਾਸੀ ਮਜ਼ਦੂਰਾਂ ਨਾਲ ਕੀਤੇ ਜਾਂਦੇ ਸਲੂਕ ਨਾਲ ਸੰਬੰਧਤਿ ਹਨ। ਇਹ ਤਦੋਂ ਵੀ ਕੀਤੇ ਜਾ ਸਕਦੇ ਹਨ ਜੇ ਵਿਅਕਤੀ ਜਾਂ ਕਾਰੋਬਾਰ ਕਾਨੂੰਨ ਪਾਲਣਾ ਨੋਟਿਸਾਂ, ਲਾਗੂ ਕਰਨ ਯੋਗ ਸਹਿਮਤੀਆਂ ਜਾਂ ਸਪਾਂਸਰਸ਼ਿਪ ਦੀਆਂ ਜ਼ਿੰਮੇਵਾਰੀਆਂ ਦਾ ਪਾਲਣ ਨਹੀਂ ਕਰਦੇ ਹਨ।

ਪਾਬੰਦੀ ਲਗਾਏ ਗਏ ਰੁਜ਼ਗਾਰਦਾਤਾਵਾਂ ਜਾਂ ਤੀਜੀ ਧਿਰ ਦੇ ਪ੍ਰਦਾਤਾਵਾਂ ਦਾ ਨਾਮ ਅਤੇ ABN ਆਸਟ੍ਰੇਲੀਅਨ ਬਾਰਡਰ ਫੋਰਸ ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ। ਪਾਬੰਦੀ ਖ਼ਤਮ ਹੋਣ ਤੋਂ ਬਾਅਦ, ਉਹ ਦੁਬਾਰਾ ਅਸਥਾਈ ਪ੍ਰਵਾਸੀਆਂ ਨੂੰ ਨੌਕਰੀ 'ਤੇ ਰੱਖ ਸਕਦੇ ਹਨ ਪਰ ਉਹਨਾਂ ਨੂੰ ਵਿਸ਼ੇਸ਼ ਰਿਪੋਰਟ ਕਰਨ ਦੀਆਂ ਸ਼ਰਤਾਂ ਦੀ ਪਾਲਣਾ ਕਰਨੀ ਲਾਜ਼ਮੀ ਹੈ।

ਪਾਬੰਦੀ ਦੇ ਐਲਾਨ ਦੀ ਉਲੰਘਣਾ ਕਰਨਾ ਇੱਕ ਅਪਰਾਧਕਿ ਜ਼ੁਰਮ ਹੈ। ਇਹ ਦੰਡ ਹਨ:

- ਇੱਕ ਵਿਅਕਤੀ ਲਈ 2 ਸਾਲਾਂ ਤੱਕ ਦੀ ਕੈਦ, 360 ਪੈਨਲਟੀ ਯੂਨਿਟਾਂ (ਵਰਤਮਾਨ ਵਿੱਚ $118,800 ਦਾ ਜੁਰਮਾਨਾ) ਜਾਂ ਦੋਵੇਂ, ਜਾਂ 240 ਪੈਨਲਟੀ ਯੂਨਿਟਾਂ (ਵਰਤਮਾਨ ਵਿੱਚ $79,200 ਦਾ ਜੁਰਮਾਨਾ) ਦਾ ਸਿਵਿਲ ਦੰਡ।
- ਬੌਡੀ ਕਾਰਪੋਰੇਟ ਲਈ ਅਪਰਾਧਕਿ ਮਾਮਲਿਆਂ ਵਿੱਚ 1,800 ਪੈਨਲਟੀ ਯੂਨਿਟਾਂ (ਵਰਤਮਾਨ ਵਿੱਚ $594,000), ਜਾਂ 1,200 ਪੈਨਲਟੀ ਯੂਨਿਟਾਂ (ਵਰਤਮਾਨ ਵਿੱਚ $396,000) ਤੱਕ ਦਾ ਸਿਵਿਲ ਦੰਡ।

ਪ੍ਰਵਾਸੀ ਕਾਮਿਆਂ ਨੂੰ ਸ਼ੋਸ਼ਣ ਦੀ ਰਿਪੋਰਟ 'ਫੇਅਰ ਵਰਕ ਓਮਬਡਸਮੈਨ' (Fair Work Ombudsman) ਜਾਂ 'ਬਾਰਡਰ ਵਾਚ' (Border Watch) ਨੂੰ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

## ਪਾਬੰਦੀਸ਼ੁਦਾ ਰੁਜ਼ਗਾਰਦਾਤਾ ਨੂੰ ਕੀ ਕਰਨ ਤੋਂ ਰੋਕਿਆ ਜਾਂਦਾ ਹੈ?

ਪਾਬੰਦੀਸ਼ੁਦਾ ਰੁਜ਼ਗਾਰਦਾਤਾ (ਜਾਂ ਤਾਂ ਕੋਈ ਵਿਅਕਤੀ ਜਾਂ ਬਾਡੀ ਕਾਰਪੋਰੇਟ) ਕਿਸੇ ਵੀ ਹੋਰ ਵਧੀਕ ਅਸਥਾਈ ਵੀਜ਼ਾ ਧਾਰਕਾਂ ਨੂੰ ਇੱਕ ਨਿਰਧਾਰਤ ਸਮੇਂ ਲਈ ਨੌਕਰੀ ਨਹੀਂ ਦੇ ਸਕਦਾ ਹੈ।

## ਰੁਜ਼ਗਾਰਦਾਤਾ 'ਤੇ ਪਾਬੰਦੀ ਦੀ ਘੋਸ਼ਣਾ ਕਿੰਨੀ ਦੇਰ ਤੱਕ ਰਹਿੰਦੀ ਹੈ?

- ਮਨੁੱਖੀ ਤਸਕਰੀ ਅਤੇ ਆਧੁਨਕਿ ਗੁਲਾਮੀ ਨਾਲ ਸੰਬੰਧਤਿ ਗੰਭੀਰ ਅਪਰਾਧ ਲਈ ਕੋਈ ਅਧਕਿਤਮ ਸੀਮਾ ਨਹੀਂ ਹੈ।
- ਅਪਰਾਧਕਿ ਜ਼ੁਰਮ ਲਈ ਜ਼ਿਆਦਾ ਤੋਂ ਜ਼ਿਆਦਾ 10 ਸਾਲ (ਮਨੁੱਖੀ ਤਸਕਰੀ ਅਤੇ ਆਧੁਨਕਿ ਗੁਲਾਮੀ ਨਾਲ ਸੰਬੰਧਤਿ ਅਪਰਾਧਾਂ ਤੋਂ ਇਲਾਵਾ)।
- ਹੋਰ ਸਾਰੇ ਪ੍ਰਵਾਸੀ ਕਾਮਿਆਂ ਦੀਆਂ ਪਾਬੰਦੀਆਂ ਲਈ ਵੱਧ ਤੋਂ ਵੱਧ 5 ਸਾਲ।

## ਪਾਬੰਦੀ ਲੱਗੇ ਹੋਏ ਰੁਜ਼ਗਾਰਦਾਤਾਵਾਂ ਦੇ ਕਾਮਿਆਂ ਨਾਲ ਕੀ ਹੁੰਦਾ ਹੈ?

ਇੱਥੇ ਪ੍ਰਵਾਸੀ ਕਾਮਿਆਂ ਲਈ ਕੋਈ ਦੰਡ ਨਹੀਂ ਹੈ। ਉਸ ਰੁਜ਼ਗਾਰਦਾਤਾ ਦੇ ਮੌਜੂਦਾ ਕਰਮਚਾਰੀ ਇਹ ਚੋਣ ਕਰ ਸਕਦੇ ਹਨ ਕਿ ਉਹ ਉਸ ਰੁਜ਼ਗਾਰਦਾਤਾ ਲਈ ਕੰਮ ਕਰਨਾ ਜਾਰੀ ਰੱਖਣਾ ਚਾਹੁੰਦੇ ਹਨ ਜਾਂ ਨਹੀਂ।

## ਕੀ ਕੋਈ ਰੁਜ਼ਗਾਰਦਾਤਾ ਪਾਬੰਦੀ ਦੇ ਖ਼ਿਲਾਫ਼ ਅਪੀਲ ਕਰ ਸਕਦਾ ਹੈ?

ਹਾਂ। ਰੁਜ਼ਗਾਰਦਾਤਾ/ਤੀਜੀ ਧਿਰ ਨੂੰ ਸੰਭਾਵਤਿ ਪਾਬੰਦੀ ਦੇ ਕਾਰਨਾਂ ਬਾਰੇ ਇੱਕ ਨੋਟਿਸ ਪ੍ਰਾਪਤ ਹੋਵੇਗਾ। ਉਹਨਾਂ ਕੋਲ ਇਹ ਸਮਝਾਉਂਦਿਆਂ ਹੋਇਆ ਇੱਕ ਲਖਿਤੀ ਬੇਨਤੀ ਜਮ੍ਹਾਂ ਕਰਨ ਲਈ 28 ਦਿਨ, ਜਾਂ ਨੋਟਿਸ ਵਿੱਚ ਦੱਸੇ ਗਏ ਸਮੇਂ ਦੀ ਮਿਆਦ ਹੁੰਦੀ ਹੈ, ਕਿ ਉਹਨਾਂ ਨੂੰ ਪਾਬੰਦੀਸ਼ੁਦਾ ਰੁਜ਼ਗਾਰਦਾਤਾ ਕਿਉਂ ਨਹੀਂ ਘੋਸ਼ਿਤ ਕੀਤਾ ਜਾਣਾ ਚਾਹੀਦਾ ਹੈ।

ਪ੍ਰਵਾਸੀ ਕਾਮਿਆਂ ਦੇ ਅਧਿਕਾਰ

ਨਵੇਂ ਪ੍ਰਵਾਸੀ ਕਾਮਿਆਂ ਦੇ ਸ਼ੋਸ਼ਣ ਕਾਨੂੰਨ

Border Watch (ਬਾਰਡਰ ਵਾਚ)

Fair Work Ombudsman (ਫੇਅਰ ਵਰਕ ਓਮਬਡਸਮੈਨ)